# ਖ਼ਾਲਸਾ ਕਾਲਜ ਵਿਖੇ **ਪੰਜਾਬੀ ਨਾਵਲ ਦਾ ਵਿਧਾ-ਸ਼ਾਸਤਰ** ਵਿਸ਼ੇ ’ਤੇ ਗੋਸ਼ਟੀ

ਅੰਮ੍ਰਿਤਸਰ( ): ਅੰਮ੍ਰਿਤਸਰ ਦੇ ਇਤਿਹਾਸਕ ਖ਼ਾਲਸਾ ਕਾਲਜ ਵਿਖੇ ਪੰਜਾਬੀ ਅਧਿਐਨ ਵਿਭਾਗ ਵੱਲੋਂ ‘ਪੰਜਾਬੀ ਨਾਵਲ ਦਾ ਵਿਧਾ-ਸ਼ਾਸਤਰ’ ਵਿਸ਼ੇ ’ਤੇ ਗੋਸ਼ਟੀ ਕਰਵਾਈ ਗਈ। ਇਸ ਵਿਚ ਗਲਪ ਖੇਤਰ ਦੇ ਮਾਹਿਰ ਵਿਦਵਾਨਾਂ ਤੇ ਸਿਰਜਕਾਂ ਡਾ. ਪਰਮਜੀਤ ਜੱਜ, ਪ੍ਰੋਫ਼ੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਰਜਨੀਸ਼ ਬਹਾਦਰ ਸਿੰਘ, ਪ੍ਰੋਫ਼ੈਸਰ ਡੀ. ਏ. ਵੀ. ਕਾਲਜ ਜਲੰਧਰ, ਸ੍ਰੀ ਬਲਬੀਰ ਪਰਵਾਨਾ ਸੰਪਾਦਕ ਨਵਾਂ ਜ਼ਮਾਨਾ ਜਲੰਧਰ, ਡਾ. ਕੁਲਵੰਤ ਸਿੰਘ ਸੰਧੂ ਪ੍ਰੋਫ਼ੈਸਰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ, ਜੱਸ ਮੰਡ ਅਤੇ ਪੰਜਾਬੀ ਵਿਭਾਗ ਦੇ ਅਧਿਆਪਕ ਸਾਹਿਬਾਨ ਨੇ ਸੰਬੰਧਿਤ ਵਿਸ਼ੇ 'ਤੇ ਨਿੱਠ ਕੇ ਵਿਚਾਰ-ਚਰਚਾ ਕੀਤੀ।

ਗੋਸ਼ਟੀ ਦੇ ਆਰੰਭ ਵਿਚ ਸਭ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਗੋਸ਼ਟੀ ਵਿਚ ਸ਼ਾਮਲ ਵਿਦਵਾਨਾਂ ਤੇ ਸਿਰਜਣਾਤਮਕ ਲੇਖਕਾਂ ਨੂੰ ਜੀ ਆਇਆ ਕਹਿੰਦਿਆਂ ਕਿਹਾ ਕਿ ਗਲਪ ਸੰਬੰਧੀ ਖੋਜ ਤੇ ਮੁੱਲਾਂਕਣ ਸਮੇਂ ਵਧੇਰੇ ਜ਼ੋਰ ਸਰੋਕਾਰਾਂ ਉੱਤੇ ਦਿੱਤਾ ਜਾ ਰਿਹਾ ਹੈ। ਇਸਦੇ ਮੁਕਾਬਲੇ ਨਾਵਲ ਦੇ ਕਲਾਤਮਕ ਪੱਖ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਗੋਸ਼ਟੀ ਨਾਵਲ ਦੇ ਖੇਤਰ ਨਾਲ ਸੰਬੰਧਿਤ ਪਹਿਲਾ ਯਤਨ ਹੈ। ਇਸ ਮੌਕੇ ਡਾ. ਰਜਨੀਸ਼ ਬਹਾਦਰ ਨੇ ਨਾਵਲ ਦੇ ਵਸਤੂਗਤ ਪਾਸਾਰ ਦੇ ਨਾਲ-ਨਾਲ ਵਿਧਾਗਤ ਤੱਤਾਂ ਉੱਤੇ ਕੇਂਦਰ ਕਰਨ ਲਈ ਕਿਹਾ। ਪੱਛਮੀ ਨਾਵਲ ਦੇ ਸੰਦਰਭ ਵਿਚ ਗੱਲ ਕਰਦਿਆਂ ਪਰਮਜੀਤ ਜੱਜ ਨੇ ਕਿਹਾ ਕਿ ਨਾਵਲਕਾਰ ਬਣੇ-ਬਣਾਏ ਚੌਖਟੇ ਨੂੰ ਤੋੜ ਕੇ ਕੁਝ ਨਵਾਂ ਸਿਰਜਣ ਦਾ ਯਤਨ ਕਰਦਾ ਹੈ, ਇਸ ਨੁਕਤੇ ਉੱਤੇ ਧਿਆਨ ਦੇਣ ਕਰਕੇ ਨਾਵਲਕਾਰ ਆਲੋਚਕ ਤੋਂ ਇਕ ਕਦਮ ਅੱਗੇ ਹੁੰਦਾ ਹੈ। ਡਾ. ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬੀ ਨਾਵਲ ਦੀ ਸਿਰਜਣਾ ਵੇਲੇ ਅਸੀਂ ਪੱਛਮੀ ਸਰੂਪ ਨੂੰ ਮਨੋਰਥ ਵਜੋਂ ਵਰਤਦੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਅੱਜ ਦਾ ਨਾਵਲ ਪੰਜਾਬ ਦੇ ਤੱਤਕਾਲੀ ਸੰਕਟ ਨੂੰ ਢੁਕਵੇਂ ਰੂਪ ਵਿਚ ਮੁਖ਼ਾਤਿਬ ਨਹੀਂ ਹੋ ਰਿਹਾ। ਬਲਬੀਰ ਪਰਵਾਨਾਂ ਨੇ ਕਿਹਾ ਕਿ ਨਾਵਲਕਾਰ ਦਾ ਚਿੰਤਕ ਹੋਣਾ ਬਹੁਤ ਜ਼ਰੂਰੀ ਹੈ ਅਤੇ ਨਾਵਲਕਾਰ ਦੁਆਰਾ ਵਰਤੇ ਗਏ ਸ਼ਬਦਾਂ ਪਿੱਛੇ ਇਕ ਤੰਦਰੁਸਤ ਸਮਾਜ ਦਾ ਸੁਪਨਾਂ ਹੋਣਾ ਚਾਹੀਦਾ ਹੈ। ਜੱਸ ਮੰਡ ਨੇ ਕਿਹਾ ਕਿ ਨਾਵਲ ਦੇ ਵਸਤੂ ਪੱਖ ਨਾਲੋਂ ਸ਼ਿਲਪ ਪੱਖ ਉੱਤੇ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ। ਗੋਸ਼ਟੀ ਦੇ ਅੰਤ ਉੱਤੇ ਪੰਜਾਬੀ ਅਧਿਐਨ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਡਾ. ਪਰਮਿੰਦਰ ਸਿੰਘ, ਡਾ. ਭੁਪਿੰਦਰ ਸਿੰਘ, ਡਾ. ਕੁਲਦੀਪ ਸਿੰਘ, ਡਾ. ਹੀਰਾ ਸਿੰਘ, ਡਾ. ਮਿੰਨੀ ਸਲਵਾਨ, ਡਾ. ਹਰਜੀਤ ਕੌਰ ਅਤੇ ਬਾਕੀ ਸਟਾਫ਼ ਮੈਂਬਰ ਵੀ ਹਾਜ਼ਿਰ ਸਨ। ਇਸ ਗੋਸ਼ਟੀ ਵਿਚ ਹਾਜ਼ਿਰ ਵਿਦਵਾਨਾਂ ਨੇ ਨਾਵਲ ਦੇ ਵਿਧਾਗਤ ਲੱਛਣਾਂ ਗੋਂਦ, ਪਾਤਰਾਂ ਦਾ ਸੁਭਾਅ, ਵਾਰਤਾਲਾਪ ਵਿਚਲੀ ਭਾਸ਼ਾ, ਵਿਡੰਬਨਾ, ਨਾਵਲ ਤੇ ਯਥਾਰਥ, ਇਸਦੇ ਵਿਸਤ੍ਰਿਤ ਕੈਨਵਸ, ਦੀਰਘ ਦ੍ਰਿਸ਼ਟੀ ਆਦਿ ਕਲਾਤਮਕ ਜੁਗਤਾਂ ਸੰਬੰਧੀ ਸੰਜੀਦਾ ਚਰਚਾ ਕੀਤੀ।